**ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ॥**

ਸ੍ਰੀ ਗੁਰੂ ਅਰਜਨ ਸਾਹਿਬ ਦਾ ਉਪਦੇਸ਼ ਹੈ ਕਿ ਮਾਘ ਦਾ ਮਹੀਨਾ ਤਾਂ ਹੀ ਸਫ਼ਲ ਹੈ ਜੇ ਤੂੰ ਸਾਧੂ ਜਨਾਂ, ਭਗਤ/ਸੰਤ ਜਨਾਂ ਦੇ ਚਰਣਾਂ ਦੀ ਧੂੜੀ ਵਿਚ ਟੁਬੀ ਲਾ ਕੇ ਇਸ਼ਨਾਨ ਕਰੇਂ ! ਧੂੜੀ ਵਿਚ ਇਸ਼ਨਾਨ ਦੇ ਨਾਲ ਨਾਲ ਇਹ ਵੀ ਭਾਵ ਹੈ ਕਿ ਸੰਤ ਜਨਾਂ ਦੀ ਸੰਗਤਿ ਕਰਦੇ ਹੋਏ 'ਇੰਨ-ਬਿੰਨ ਉਨ੍ਹਾਂ ਦੇ ਹਰ ਹੁਕਮ ਦੀ ਪਾਲਣਾ ਕਰਨਾ।'

Sri Guru Arjan Dev preaches that, the month of Maagh is only sacred when you bathe in the feet-dust of Saints, Sadhus. This bathing also means 'to do company of saints and live strictly as per their Command'.

**ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥**

ਭਗਤ ਜਨਾਂ ਸੰਤ ਜਨਾਂ ਦੀ ਸੰਗਤਿ ਕਰਣ ਤੋਂ ਇਲਾਵਾ ਹਰੀ ਪਰਮੇਸ਼ਰ ਦਾ ਨਾਮ ਜਪ ਭਾਵ ਸਿਮਰਣ ਕਰ ਅਤੇ ਸੁਣ। ਇਹੀ ਨਾਮ ਦਾ ਦਾਨ ਸਭਨਾਂ ਨੂੰ ਕਰ।

Apart from doing the company of the Saints, one must do Nam-Simran, listen to it and make others to do it too.